BCM School Basant Avenue Dugri Ludhiana

Assignment VIII Punjabi

ਪ੍ਰਸ਼ਨ 1 ਅਣਡਿੱਠਾ ਪੈਰ੍ਹਾ

ਵਿਗਿਆਨ ਨੇ ਮਨੁੱਖੀ ਜੀਵਨ ਨੂੰ ਅਸਾਨ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬਿਜਲੀ, ਦਵਾਈਆਂ, ਯਾਤਰਾ ਦੇ ਸਾਧਨ ਅਤੇ ਸੰਚਾਰ ਦੇ ਨਵੇਂ ਮਾਧਿਅਮਾਂ ਨੇ ਮਨੁੱਖ ਦੇ ਜੀਵਨ ਵਿੱਚ ਕ੍ਰਾਂਤੀ ਕਰ ਦਿੱਤੀ ਹੈ। ਪਰ ਜਿੱਥੇ ਵਿਗਿਆਨ ਦੇ ਲਾਭ ਹਨ, ਉੱਥੇ ਇਸ ਦੇ ਨੁਕਸਾਨ ਵੀ ਹਨ। ਵਿਗਿਆਨ ਨੇ ਮਨੁੱਖ ਨੂੰ ਆਰਾਮ-ਪਸੰਦ ਬਣਾ ਦਿੱਤਾ ਹੈ ਜਿਸ ਕਾਰਨ ਸਰੀਰਕ ਕਸਰਤ ਘੱਟ ਹੋ ਗਈ ਹੈ ਅਤੇ ਬਿਮਾਰੀਆਂ ਵਧ ਰਹੀਆਂ ਹਨ। ਇਸ ਤੋਂ ਇਲਾਵਾ, ਨਵੀਆਂ ਖੋਜਾਂ ਦੇ ਗਲਤ ਇਸਤੇਮਾਲ ਨਾਲ ਪ੍ਰਕਿਰਤੀ ਨੂੰ ਨੁਕਸਾਨ ਪਹੁੰਚ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਵਿਗਿਆਨ ਦੇ ਆਵਿਸ਼ਕਾਰਾਂ ਦਾ ਸਹੀ ਅਤੇ ਸਦਭਾਵਨਾ ਨਾਲ ਇਸਤੇਮਾਲ ਕਰੀਏ।

1. ਮਨੁੱਖੀ ਜੀਵਨ ਆਸਾਨ ਬਣਾਉਣ ਵਿੱਚ ਸਭ ਤੋਂ ਵੱਡੀ ਭੂਮਿਕਾ ਕਿਸ ਦੀ ਹੈ?

a) ਕਲਾ ਦੀ b) ਸਿੱਖਿਆ ਦੀ c) ਵਿਗਿਆਨ ਦੀ d) ਸਾਹਿਤ ਦੀ

2. ਵਿਗਿਆਨ ਨੇ ਮਨੁੱਖ ਨੂੰ ਕਿਹੋ ਜਿਹਾ ਬਣਾ ਦਿੱਤਾ ਹੈ?

a) ਮਿਹਨਤੀ b) ਆਰਾਮ-ਪਸੰਦ c) ਤੰਦਰੁਸਤ d) ਅਨਪੜ੍ਹ

3. ਵਿਗਿਆਨ ਦੇ ਗਲਤ ਇਸਤੇਮਾਲ ਨਾਲ ਸਭ ਤੋਂ ਵੱਧ ਨੁਕਸਾਨ ਕਿਸ ਨੂੰ ਹੋ ਰਿਹਾ ਹੈ?

a) ਖੇਤੀ ਨੂੰ b) ਪ੍ਰਕਿਰਤੀ ਨੂੰ c) ਇਤਿਹਾਸ ਨੂੰ d) ਸਿੱਖਿਆ ਨੂੰ

ਪ੍ਰਸ਼ਨ-2. ਕਾਵਿ ਟੁਕੜੀ

ਜੀਵਨ ਇਕ ਸੰਘਰਸ਼ ਦਾ ਨਾਮ ਹੈ,

ਜਿਥੇ ਮਿਹਨਤ ਹੀ ਹਥਿਆਰ ਬਣਦੀ।

ਸੱਚ ਤੇ ਹਿੰਮਤ ਨਾਲ ਤੁਰਿਆ ਮਨੁੱਖ,

ਹਰ ਤੂਫ਼ਾਨ ਨੂੰ ਮਾਤ ਦੇ ਜਾਂਦਾ ਹੈ।

ਪ੍ਰਸ਼ਨ–ਉੱਤਰ

1. ਪ੍ਰਸ਼ਨ: ਜੀਵਨ ਨੂੰ ਕਵੀ ਨੇ ਕਿਸ ਨਾਲ ਜੋੜਿਆ ਹੈ?

2. ਪ੍ਰਸ਼ਨ: ਸੰਘਰਸ਼ ਵਿਚ ਮਨੁੱਖ ਦਾ ਸਭ ਤੋਂ ਵੱਡਾ ਹਥਿਆਰ ਕੀ ਹੈ?

3. ਪ੍ਰਸ਼ਨ: ਸੱਚ ਤੇ ਹਿੰਮਤ ਵਾਲਾ ਮਨੁੱਖ ਕਿਸ ਤਰ੍ਹਾਂ ਦਾ ਹੁੰਦਾ ਹੈ?

ਪ੍ਰਸ਼ਨ-2.ਵਿਆਕਰਨ. 1.ਮੁਹਾਵਰੇ (ਅਰਥ + ਵਾਕ) ਸਤਿਆ ਹੋਣਾ, ਸਿੱਧੇ ਮੂੰਹ ਗੱਲ ਨਾ ਕਰਨੀ

2.ਕਥਨ -ਮੂਲ ਸ਼ਬਦ ਜੋ ਕਿਸੇ ਦੂਜੇ ਸ਼ਬਦ ਦੀ ਸਹਾਇਤਾ ਤੋਂ ਬਿਨਾਂ ਆਪਣੇ ਆਪ ਬਣਦੇ ਹਨ।

ਕਾਰਨ -ਮੂਲ ਸ਼ਬਦਾਂ ਨਾਲ ਅਗੇਤਰ ਜਾਂ ਪਿਛੇਤਰ ਲਗਾ ਕੇ ਉਤਪੰਨ ਸ਼ਬਦ ਬਣਾਏ ਜਾਂਦੇ ਹਨ।

ਇਨ੍ਹਾਂ ਵਿੱਚੋਂ ਕਿਹੜਾ ਵਿਕਲਪ ਸਹੀ ਹੈ?

A. ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ, ਕਥਨ ਦੀ ਵਿਆਖਿਆ ਕਰਦਾ ਹੈ।
B. ਕਥਨ ਸਹੀ ਹੈ ਪਰ ਕਾਰਨ ਗਲਤ ਹੈ।
C. ਕਥਨ ਗਲਤ ਹੈ ਪਰ ਕਾਰਨ ਸਹੀ ਹੈ।
D. ਕਥਨ ਅਤੇ ਕਾਰਨ ਦੋਵੇਂ ਗਲਤ ਹਨ।

3.ਆਈ ਪਿਛੇਤਰ ਵਾਲਾ ਸਹੀ ਸ਼ਬਦ ਚੁਣੋ?

A ਚੰਗਿਆਈ B ਮਲਵਾਈ C ਸੁਰਮਈ D ਦੁਖਮਈ

4. ਬੇਅੰਤ ਨੇ ਆਪਣੇ ਅਪਮਾਨ ਦਾ ਬਦਲਾ ਲਿਆ। ਵਾਕ ਵਿੱਚ ਅਪਮਾਨ ਸ਼ਬਦ ਵਿੱਚ ਲੱਗਾ ਸਹੀ ਅਗੇਤਰ ਸ਼ਬਦ ਚੁਣੋ?

A ਅ B ਆ C ਅਪ D ਆਪ

5.ਬਜ਼ੁਰਗ ਹਮੇਸ਼ਾ ਸਿਆਣਪ ਨਾਲ ਫੈਸਲੇ ਲੈਂਦੇ ਹਨ। ਵਾਕ ਵਿੱਚ ਸਮਝ ਸ਼ਬਦ ਦਾ ਸਹੀ ਅਰਥ ਲੱਭ ਕੇ ਉਸ ਦਾ ਸਮਾਨਾਰਥਕ ਸ਼ਬਦ ਚੁਣੋ?

A ਅਕਲ B ਨਿਰਾਦਰ C ਭਲਾ D ਮਾਣ

6.ਜਿੰਦਗੀ ਵਿੱਚ ਆਸ਼ਾ ਜਰੂਰੀ ਹੈ_______ ਨਹੀਂ।ਵਾਕ ਵਿੱਚ ਸਹੀ ਵਿਰੋਧੀ ਸ਼ਬਦ ਚੁਣ ਕੇ ਭਰੋ?

A ਕੋਸ਼ਿਸ਼ B ਨਿਰਾਸ਼ਾ C ਉਸਤਤ D ਮੁਸ਼ਕਿਲ

7. ਗਿਲਾਸ ਊਣਾ ਹੈ। ਵਾਕ ਦਾ ਨੇੜਲਾ ਸਬੰਧ ਕਿਸ ਨਾਲ ਹੈ,ਸਹੀ ਵਾਕ ਚੁਣੋ?

A ਜੋ ਚੰਗੀ ਤਰ੍ਹਾਂ ਨਾ ਭਰਿਆ ਹੋਵੇ

B ਜੋ ਚੰਗੀ ਤਰ੍ਹਾਂ ਭਰਿਆ ਹੋਵੇ

C A ਅਤੇ B ਦੋਵੇਂ ਹੀ ਸਹੀ ਹਨ।

D ਕੁਝ ਵੀ ਨਹੀਂ

ਪ੍ਰਸ਼ਨ 4. ਛੋਟੇ ਪ੍ਰਸ਼ਨ ਉੱਤਰ

ਪ੍ਰਸ਼ਨ-1.-ਭਾਰਤ ਦੇਸ਼ ਵਿੱਚ ਆਉਂਦੀਆਂ ਰੁੱਤਾਂ ਦੇ ਨਾਮ ਲਿਖੋ?

ਪ੍ਰਸ਼ਨ-2. ਬਰਸਾਤ ਦੀ ਰੁੱਤ ਕਿਹੋ ਜਿਹੀ ਹੁੰਦੀ ?

5.ਵੱਡੇ ਪ੍ਰਸ਼ਨ ਉੱਤਰ

ਪ੍ਰਸ਼ਨ-1ਲੇਖਕ ਕਿਹੜੇ ਦਿਨ ਦੋਸਤ ਦੇ ਘਰੋਂ ਮੁੜ ਆਇਆ?

ਪ੍ਰਸ਼ਨ 2.ਲੇਖਕ ਕਿਸ ਉਲਝਣ ਵਿੱਚ ਫਸਿਆ ਰਹਿੰਦਾ ਸੀ?

ਪ੍ਰਸ਼ਨ 6.. ਵੱਡਾ ਪ੍ਰਸ਼ਨ- ਗਰਮੀ ਦੀ ਰੁੱਤ ਵਿੱਚ ਲੋਕਾਂ ਦੀ ਸਿਹਤ ਸਬੰਧੀ ਕਿਹੜੀਆਂ ਸਮੱਸਿਆਵਾਂ ਵੱਧ ਜਾਂਦੀਆਂ ਹਨ?

ਪ੍ਰਸ਼ਨ 7.ਪਾਠ ਪੁਸਤਕ ਅਭਿਆਸ

1.ਸ਼ਬਦ ਦਾ ਅਰਥ - ਨੀਂਦਰ, ਪੈਂਡਾ

2.ਬੂੰਦਾਂ- ਬੰਦੀ ਸ਼ਬਦ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ।